# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 10 ਦਸੰਬਰ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿੱਚ ਗ਼ਜ਼ਲ ਮੰਚ ਵੱਲੋਂ 'ਕਾਵਸ਼ਾਰ' ਕਵਿਤਾ ਸਮਾਗਮ 21 ਦਸੰਬਰ ਨੂੰ

### ਪ੍ਰਸਿੱਧ ਸ਼ਾਇਰ ਇੰਦਰਜੀਤ ਧਾਮੀ ਨੂੰ ਦਿੱਤਾ ਜਾਵੇਗਾ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ'

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ




ਸਰੀ, 10 ਦਸੰਬਰ : ਗ਼ਜ਼ਲ ਮੰਚ ਸਰੀ ਵੱਲੋਂ 21 ਦਸੰਬਰ 2025 (ਐਤਵਾਰ) ਨੂੰ ਫ਼ਲੀਟਵੁਡ ਕਮਿਊਨਿਟੀ ਸੈਂਟਰ (15996 84 ਐਵੇਨਿਊ, ਸਰੀ) ਵਿੱਚ ਵੱਡੇ ਪੱਧਰ ਦਾ ਕਵਿਤਾ ਸਮਾਗਮ 'ਕਾਵਸ਼ਾਰ' ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਜਸਵਿੰਦਰ ਅਤੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਹੈ ਕਿ ਇਸ ਵਾਰੀ ਦਾ 'ਕਾਵਸ਼ਾਰ' ਪ੍ਰੋਗਰਾਮ ਗ਼ਜ਼ਲ ਮੰਚ ਸਰੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਨੌਜਵਾਨ ਕਵੀਆਂ ਵੱਲੋਂ ਇਸ ਵਾਸਤੇ ਬੇਹੱਦ ਉਤਸ਼ਾਹਜਨਕ ਪ੍ਰਤੀਕਿਰਿਆ ਮਿਲੀ ਹੈ ਜੋ ਕਿ ਪੰਜਾਬੀ ਸਾਹਿਤ ਲਈ ਸੁਨਿਹਰੀ ਸ਼ਗਨ ਹੈ। ਉਨ੍ਹਾਂ ਦੱਸਿਆ ਕਿ ਮੰਚ ਵੱਲੋਂ ਇਸ ਵਾਰ ਕਿਸੇ ਨੂੰ ਨਿੱਜੀ ਸੱਦਾ ਪੱਤਰ ਨਾ ਭੇਜਿਆ ਜਾ ਰਿਹਾ ਅਤੇ ਸਾਰੇ ਸਤਿਕਾਰਯੋਗ ਕਵੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਸਮਾਗਮ ਵਿਚ ਆ ਕੇ ਨਵੀਂ ਪੀੜ੍ਹੀ ਦੇ ਕਵੀਆਂ ਦਾ ਉਤਸ਼ਾਹ ਵਧਾਇਆ ਜਾਵੇ।

ਇਸ ਕਾਵਿ ਸਮਾਗਮ ਵਿੱਚ ਜਸਪਾਲ ਮਠਾਰੂ, ਰੂਬੀ ਔਲਖ, ਡਾ. ਦਵਿੰਦਰ ਕੌਰ, ਜਸਬੀਰ ਮਾਨ, ਸੁਖਪ੍ਰੀਤ ਬੱਡੋਂ, ਅਮਰਜੀਤ ਸ਼ਾਂਤ, ਅਯੁਸ਼ ਅਰੋੜਾ, ਸ਼ਾਨ ਗਿੱਲ, ਦਲਜੀਤ ਖੋਸਲਾ, ਸ਼ਿਵਾਲਿਕਾ, ਸੋਨਲ ਕੌਰ, ਪਰਮਿੰਦਰ ਸਵੈਚ, ਪ੍ਰੇਮਦੀਪ, ਹਰਪ੍ਰੀਤ ਐਸ. ਧਾਲੀਵਾਲ, ਗੁਰਸਾਹਿਬ ਸਿੰਘ, ਸੰਦੀਪ ਐਸ. ਗਿੱਲ, ਗੁਰਜੀਵਨ ਸਿੰਘ, ਜਸਵੰਤ ਕੇ. ਰਾਣਾ, ਹਰਮਨਪ੍ਰੀਤ ਸਿੰਘ, ਮੀਨੂ ਬਾਵਾ, ਪ੍ਰੀਤ ਬੈਂਸ, ਮਹਿੰਦਰਪਾਲ ਪਾਲ, ਨਰਿੰਦਰ ਬਾਹੀਆ, ਮਨਜਿੰਦਰ ਐਸ. ਘੁਮਾਣ, ਡਾ. ਦਿਲਬਾਗ ਰਾਣਾ, ਸ਼ੁੱਭਪ੍ਰੀਤ ਸਿੰਘ, ਕੁਲਵਿੰਦਰ ਕੌਰ, ਸਾਧਿਕ ਪ੍ਰੀਤ ਸਿੰਘ, ਅਭਿਸ਼ੇਕ, ਬਲਤੇਜ ਬਰਾੜ, ਨਵਦੀਪ ਬਰਾੜ ਅਤੇ ਜੈਦੀਪ ਸਿੰਘ ਸ਼ਿਰਕਤ ਕਰਨਗੇ।

ਪ੍ਰੋਗਰਾਮ ਦੌਰਾਨ ਪ੍ਰਸਿੱਧ ਸ਼ਾਇਰ ਇੰਦਰਜੀਤ ਧਾਮੀ ਨੂੰ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ। ਗ਼ਜ਼ਲ ਮੰਚ ਸਰੀ ਵੱਲੋਂ ਸਾਰੇ ਸਾਹਿਤ–ਪ੍ਰੇਮੀਆਂ ਨੂੰ ਇਸ ਸੁਹਣੀ ਸਾਹਿਤਕ ਮਹਿਫ਼ਲ ਵਿੱਚ ਹਾਜ਼ਰੀ ਭਰਨ ਲਈ ਸੱਦਾ ਦਿੱਤਾ ਗਿਆ ਹੈ।

## ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਡਾ. ਜਸਬੀਰ ਸਿੰਘ ਸਰਨਾ ਦੀ ਨਵੀਂ ਪੁਸਤਕ'ਦ ਸਿੱਖ ਸਪੈਕਟ੍ਰਮ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ, 10 ਦਸੰਬਰ : ਪ੍ਰਸਿੱਧ ਵਿਦਵਾਨ ਤੇ ਲੇਖਕ ਡਾ. ਜਸਬੀਰ ਸਿੰਘ ਸਰਨਾ ਦੀ ਤਾਜ਼ਾ ਪੁਸਤਕ 'ਦ ਸਿੱਖ ਸਪੈਕਟ੍ਰਮ' ਬੀਤੇ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਵੱਲੋਂ ਉਹਨਾਂ ਦੇ ਦਫਤਰ ਵਿਚ ਇਕ ਸੰਖੇਪ ਸਮਾਰੋਹ ਦੌਰਾਨ ਰਿਲੀਜ਼ ਕੀਤੀ ਗਈ।

'ਦ ਸਿੱਖ ਸਪੈਕਟ੍ਰਮ' ਡਾ. ਸਰਨਾ ਦੇ ਅੰਗਰੇਜ਼ੀ ਲੇਖਾਂ 'ਤੇ ਆਧਾਰਿਤ ਸੰਗ੍ਰਹਿ ਹੈ। ਇਹ ਲੇਖ ਕਈ ਸਾਲਾਂ ਦੌਰਾਨ ਭਾਰਤ ਅਤੇ ਵਿਦੇਸ਼ਾਂ ਦੇ ਪ੍ਰਮੁੱਖ ਅਖਬਾਰਾਂ ਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਹ ਪੁਸਤਕ ਸਿੱਖ ਇਤਿਹਾਸ, ਸੱਭਿਆਚਾਰ, ਧਾਰਮਿਕ ਵਿਚਾਰਧਾਰਾ ਅਤੇ ਆਧੁਨਿਕ ਮੁੱਦਿਆਂ 'ਤੇ ਡਾ. ਸਰਨਾ ਦੀ ਡੂੰਘੀ ਰੁਚੀ ਅਤੇ ਚਿੰਤਨ ਦੀ ਝਲਕ ਪੇਸ਼ ਕਰਦੀ ਹੈ। ਇਸ ਮੌਕੇ ਡਾ. ਰੰਧਾਵਾ ਨੇ ਡਾ. ਸਰਨਾ ਦੀ ਲਗਾਤਾਰ ਵਿਦਵਤ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਕਿ ਖਾਲਸਾ ਕਾਲਜ ਦੇ ਸਨਮਾਨਿਤ ਵਿਦਿਆਰਥੀ ਰਹੇ ਡਾ. ਸਰਨਾ ਨੇ ਭਰਪੂਰ ਖੋਜ ਅਤੇ ਸੁਗਮ ਲਿਖਤ ਰਾਹੀਂ ਸਿੱਖ ਅਧਿਐਨ ਨੂੰ ਅਮੀਰ ਕੀਤਾ ਹੈ। ਇਹ ਨਵੀਂ ਰਚਨਾ ਸਿੱਖ ਵਿਦਿਆ ਦੇ ਸਮਕਾਲੀਆਂ ਵਿੱਚ ਡਾ. ਸਰਨਾ ਦੀ ਮਹੱਤਵਪੂਰਨ ਸਥਿਤੀ ਨੂੰ ਹੋਰ ਮਜ਼ਬੂਤ ਕਰਦੀ ਹੈ।

ਵਰਨਣਯੋਗ ਹੈ ਕਿ ਡਾ. ਸਰਨਾ ਹੁਣ ਤੱਕ 70 ਪੁਸਤਕਾਂ ਲਿਖ ਚੁੱਕੇ ਹਨ ਅਤੇ ਸਾਹਿਤ ਤੇ ਵਿਦਵਤਾ ਖੇਤਰ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲ ਚੁੱਕੇ ਹਨ। ਉਹਨਾਂ ਦੀਆਂ ਰਚਨਾਵਾਂ ਵਿਦਵਾਨਾਂ, ਵਿਦਿਆਰਥੀਆਂ ਅਤੇ ਸਿੱਖ ਵਿਰਾਸਤ ਵਿੱਚ ਰੁਚੀ ਰੱਖਣ ਵਾਲੇ ਪਾਠਕਾਂ ਲਈ ਹਮੇਸ਼ਾਂ ਕੀਮਤੀ ਸਰੋਤ ਰਹੀਆਂ ਹਨ।

## ਪੀ.ਏ.ਯੂ. ਦੇ ਫਸਲ ਵਿਗਿਆਨੀ ਡਾ. ਸੋਹਨ ਸਿੰਘ ਵਾਲੀਆ ਨੂੰ ਆਈ ਐੱਸ ਏ ਫੈਲੋਸ਼ਿਪ ਨਾਲ ਨਿਵਾਜ਼ਿਆ ਗਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 10 ਦਸੰਬਰ : ਪੀ.ਏ.ਯੂ. ਦੇ ਪ੍ਰਸਿੱਧ ਜੈਵਿਕ ਖੇਤੀ ਮਾਹਿਰ ਅਤੇ ਜੈਵਿਕ ਖੇਤੀ ਸਕੂਲ ਦੇ ਨਿਰਦੇਸ਼ਕ ਡਾ. ਸੋਹਨ ਸਿੰਘ ਵਾਲੀਆ ਨੂੰ ਬੀਤੇ ਦਿਨੀਂ ਨਵੀਂ ਦਿੱਲੀ ਵਿਖੇ 6ਵੀਂ ਕੌਮਾਂਤਰੀ ਫਸਲ ਵਿਗਿਆਨ ਕਾਂਗਰਸ ਵਿਖੇ ਭਾਰਤੀ ਫਸਲ ਵਿਗਿਆਨ ਸੁਸਾਇਟੀ ਨੇ ਆਈ ਐੱਸ ਏ ਫੈਲੋਸ਼ਿਪ ਨਾਲ ਸਨਮਾਨਿਤ ਕੀਤਾ| ਡਾ. ਵਾਲੀਆ ਨੇ ਆਪਣੀ ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਖੇਤੀ ਵਿਗਿਆਨ ਵਿਸ਼ੇ ਵਿੱਚ ਪ੍ਰਾਪਤੀ ਕੀਤੀ | 1995 ਵਿੱਚ ਪੀ.ਏ.ਯੂ. ਵਿੱਚ ਫਸਲ ਵਿਗਿਆਨ ਦੇ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਹੋਏ, 2010 ਵਿੱਚ ਪ੍ਰਿੰਸੀਪਲ ਐਗਰੋਨੋਮਿਸਟ ਦੇ ਅਹੁਦੇ ਤੱਕ ਪਹੁੰਚੇ | ਉਹਨਾਂ ਨੇ ਜੈਵਿਕ ਖੇਤੀ ਦੇ ਖੇਤਰ ਵਿੱਚ ਆਲ ਇੰਡੀਆ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਤੇ ਕੰਮ ਕੀਤਾ ਜੋ ਸੰਯੁਕਤ ਖੇਤੀ ਪ੍ਰਣਾਲੀ ਅਤੇ ਜੈਵਿਕ ਇਕਾਈਆਂ ਬਾਰੇ ਸੀ |

ਡਾ. ਵਾਲੀਆ ਨੂੰ 495 ਤੋਂ ਵੱਧ ਖੋਜ ਅਤੇ ਪਸਾਰ ਪ੍ਰਕਾਸਨਾਵਾਂ, ਨੌਂ ਕਿਤਾਬਾਂ, ਦਸ ਅਧਿਆਪਨ ਮੈਨੂਅਲ, ਸੱਤ ਪਸਾਰ ਕਿਤਾਬਚੇ ਅਤੇ 21 ਪੁਸਤਕ ਅਧਿਆਵਾਂ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ | ਉਹਨਾਂ ਨੇ 29 ਖੋਜ ਪ੍ਰੋਜੈਕਟਾਂ ਦੀ ਨਿਗਰਾਨੀ ਕੀਤੀ | ਵਰਤਮਾਨ ਵਿੱਚ ਵੀ ਉਹ ਪੰਜ ਖੋਜ ਪ੍ਰੋਜੈਕਟਾਂ ਦੇ ਨਿਗਰਾਨ ਹਨ | ਉਹਨਾਂ ਦੀਆਂ ਲੱਭਤਾਂ ਨੂੰ ਹਾੜ੍ਹੀ-ਸਾਉਣੀ ਦੀ ਫਸਲਾਂ ਦੀ ਕਿਤਾਬ ਵਿੱਚ ਸ਼ਾਮਿਲ ਕੀਤਾ ਗਿਆ | ਪੰਜਾਬ ਦੇ ਕਿਸਾਨਾਂ ਦੁਆਰਾ ਵੱਡੇ ਪੱਧਰ 'ਤੇ ਅਪਣਾਉਣ ਲਈ ਅਭਿਆਸਾਂ ਦੇ ਪੈਕੇਜ ਵਿੱਚ 82 ਸਿਫਾਰਸਾਂ ਸਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਖਾਸ ਤੌਰ 'ਤੇ ਵਾਤਾਵਰਨ ਪੱਖੀ ਫਸਲੀ ਪ੍ਰਣਾਲੀਆਂ, 9 ਜੈਵਿਕ ਖੇਤੀ ਅਧਾਰਤ ਫਸਲੀ ਪ੍ਰਣਾਲੀਆਂ, ਸਿੱਧੀ ਬਿਜਾਈ ਵਾਲੇ ਝੋਨੇ ਦੀ ਕਾਸਤ ਪ੍ਰਮੁੱਖ ਹਨ| ਇਸ ਤੋਂ ਇਲਾਵਾ ਉਹ ਗੰਨਾ, ਹਲਦੀ, ਆਲੂ, ਪਿਆਜ਼, ਮੱਕੀ, ਕਣਕ ਦੀਆਂ ਫਸਲਾਂ ਵਿੱਚ ਕੰਸੋਰਸ਼ੀਅਮ ਦੀ ਵਰਤੋਂ ਸੰਬੰਧੀ ਤਕਨੀਕਾਂ ਵਿੱਚ ਸ਼ਾਮਲ ਸਨ | ਉਹਨਾਂ ਨੇ ਡੇਅਰੀ, ਮੱਛੀ ਪਾਲਣ, ਬਾਗਬਾਨੀ, ਸਬਜੀਆਂ, ਵਣ ਖੇਤੀ, ਵਰਮੀ-ਕੰਪੋਸਟਿੰਗ ਸਮੇਤ ਏਕੀਕ੍ਰਿਤ ਖੇਤੀ ਪ੍ਰਣਾਲੀ ਖੋਜ ਮਾਡਲ ਵਿਕਸਿਤ ਕੀਤਾ ਹੈ| ਉਹ 103 ਕੋਰਸਾਂ ਦੇ ਅਧਿਆਪਨ ਵਿੱਚ ਸਾਮਲ ਰਹੇ| ਉਹਨਾਂ ਨੇ ਛੇ ਪੀ.ਐਚ.ਡੀ. ਅਤੇ ਬਾਰਾਂ ਐਮ.ਐਸ.ਸੀ. ਵਿਦਿਆਰਥੀਆਂ ਦੀ ਅਗਵਾਈ ਕੀਤੀ | ਡਾ. ਵਾਲੀਆ ਨੇ 29 ਖੇਤ ਦਿਵਸ ਦਾ ਆਯੋਜਨ ਕੀਤਾ, 535 ਸਿਖਲਾਈ ਭਾਸ਼ਣ ਅਤੇ 63 ਰੇਡੀਓ/ਟੀਵੀ ਭਾਸਣ ਦਿੱਤੇ ਅਤੇ 138 ਪਸਾਰ ਲੇਖ, ਨੌਂ ਪਸਾਰ ਬੁਲੇਟਿਨ ਅਤੇ ਚਾਰ ਕਿਤਾਬਚੀ ਪ੍ਰਕਾਸ਼ਿਤ ਕੀਤੇ, 15 ਅਡੈਪਟਿਵ ਰਿਸਰਚ ਟਰਾਇਲ ਕਰਵਾਏ | ਉਹ 62 ਸਿਖਲਾਈ ਪ੍ਰੋਗਰਾਮਾਂ ਦੇ ਤਕਨੀਕੀ ਕੋਆਰਡੀਨੇਟਰ ਸਨ | ਨਾਲ ਹੀ ਉਹਨਾਂ 3154 ਫੀਲਡ ਪ੍ਰਦਰਸਨ ਕੀਤੇ| ਉਹਨਾਂ ਨੇ ਦਸ ਅੰਤਰਰਾਸਟਰੀ ਅਤੇ 83 ਰਾਸਟਰੀ ਕਾਨਫਰੰਸਾਂ/ਸੈਮੀਨਾਰ/ਵਰਕਸਾਪਾਂ ਵਿੱਚ ਭਾਗ ਲਿਆ ਹੈ|

ਉਹਨਾਂ ਨੇ ਇੰਡੀਅਨ ਇੰਸਟੀਚਿਊਟ ਆਫ ਫਾਰਮਿੰਗ ਸਿਸਟਮ ਰਿਸਰਚ, ਮੋਦੀਪੁਰਮ, ਮੇਰਠ ਤੋਂ ਆਨ-ਫਾਰਮ ਖੋਜ ਲਈ ਏਕੀਕ੍ਰਿਤ ਖੇਤੀ ਪ੍ਰਣਾਲੀਆਂ 'ਤੇ ਆਲ ਇੰਡੀਆ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਲਈ ਸਰਵੋਤਮ ਕੇਂਦਰ ਪੁਰਸਕਾਰ ਪ੍ਰਾਪਤ ਕੀਤਾ| ਇਸ ਤੋਂ ਇਲਾਵਾ ਉਹਨਾਂ ਨੂੰ ਡਾ. ਐਮ ਐਸ ਰੰਧਾਵਾ ਸਰਵੋਤਮ ਪੁਸਤਕ ਪੁਰਸਕਾਰ (2017); ਫੈਲੋ, ਇੰਡੀਅਨ ਈਕੋਲੋਜੀਕਲ ਸੋਸਾਇਟੀ (2016); ਇੰਟਰਨੈਸਨਲ ਕਾਨਫਰੰਸ (2013) ਵਿੱਚ ਖੇਤੀਬਾੜੀ ਵਿੱਚ ਹਾਲੀਆ ਵਿਕਾਸ ਸੁਸਾਇਟੀ ਤੋਂ ਗੋਲਡ ਮੈਡਲ; Tਪੰਜਾਬ ਲਈ ਝੋਨਾ-ਕਣਕ ਲਈ ਬਦਲਵੀਆਂ ਫਸਲੀ ਪ੍ਰਣਾਲੀਆਂT ਸਿਰਲੇਖ ਵਾਲੇ ਪੇਪਰ ਲਈ ਇੰਡੀਅਨ ਸੋਸਾਇਟੀ ਆਫ ਐਗਰੋਨੋਮੀ (2011) ਤੋਂ ਨਕਦ ਇਨਾਮ ਦੇ ਨਾਲ ਬੈਸਟ ਪੇਪਰ ਅਵਾਰਡ; ਇੰਡੀਅਨ ਸੋਸਾਇਟੀ ਆਫ ਐਗਰੋਨੋਮੀ ਦੁਆਰਾ (2005); ਫੈਲੋ, ਸੋਸਾਇਟੀ ਆਫ ਐਨਵਾਇਰਨਮੈਂਟਲ ਸਾਇੰਸਿਜ (2004) ਡਾ.ਗੁਰਬਖਸ ਸਿੰਘ ਗਿੱਲ ਗੋਲਡ ਮੈਡਲ, ਐਮ.ਐਸ.ਸੀ. (ਐਗਰੋਨੋਮੀ) ਲਈ ਮੈਰਿਟ ਸਰਟੀਫਿਕੇਟ ਪ੍ਰਾਪਤ ਹੋਏ | ਡਾ. ਵਾਲੀਆ ਨੇ ਸਕੂਲ ਆਫ ਐਗਰੀਕਲਚਰ, ਫੂਡ ਐਂਡ ਵਾਈਨ, ਯੂਨੀਵਰਸਿਟੀ ਆਫ ਐਡੀਲੇਡ, ਸਾਊਥ ਆਸਟ੍ਰੇਲੀਆ ਤੋਂ ਚੌਲ ਉਤਪਾਦਨ ਪ੍ਰਣਾਲੀਆਂ ਦੀ ਅਗਾਊਂ ਸਿਖਲਾਈ ਹਾਸਲ ਕੀਤੀ ਹੈ|

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ, ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਡਾ. ਵਾਲੀਆ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ|

## ਬਰੈਂਪਟਨ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਨਾਮਵਰ ਲੇਖਿਕਾ ਸੁਰਿੰਦਰ ਨੀਰ ਨਾਲ ਰੂਬਰੂ ਤੇ ਸਨਮਾਨ ਸਮਾਰੋਹ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਸਰੀ, 10 ਦਸੰਬਰ : ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਪ੍ਰਸਿੱਧ ਲੇਖਿਕਾ ਅਤੇ ਨਾਵਲਕਾਰ ਸੁਰਿੰਦਰ ਨੀਰ ਨਾਲ ਰੂਬਰੂ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ।

ਰੂਬਰੂ ਸੈਸ਼ਨ ਦਾ ਸੰਚਾਲਨ ਨਾਮਵਰ ਸ਼ਾਇਰ ਤੇ ਬੁਲਾਰੇ ਪ੍ਰੋ. ਦਰਸ਼ਨ ਦੀਪ ਨੇ ਕੀਤਾ। ਉਨ੍ਹਾਂ ਸੁਰਿੰਦਰ ਨੀਰ ਦੇ ਸਾਹਿਤਕ ਸਫ਼ਰ, ਕਹਾਣੀ-ਲਿਖਤ ਅਤੇ ਨਾਵਲ ਰਚਨਾ 'ਤੇ ਰੋਸ਼ਨੀ ਪਾਈ। ਸੁਰਿੰਦਰ ਨੀਰ ਨੇ ਆਪਣੇ ਜੀਵਨ ਦੇ ਅਨੁਭਵ,




ਸਿਰਜਣਾਤਮਕ ਯਾਤਰਾ ਅਤੇ ਸਾਹਿਤ ਨਾਲ ਜੁੜੇ ਵਿਚਾਰ ਬੇਝਿਜਕ ਸਾਂਝੇ ਕੀਤੇ, ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਖੂਬ ਸਰਾਹਨਾ ਮਿਲੀ। ਸਰਪ੍ਰਸਤ ਇੰਦਰਜੀਤ ਸਿੰਘ ਬੱਲ ਨੇ ਨੀਰ ਦੀ ਲਿਖਤ ਅਤੇ ਉਹਨਾਂ ਦੀ ਨਿਰਛਲ ਸ਼ਖ਼ਸੀਅਤ ਦੀ ਤਾਰੀਫ਼ ਕਰਦਿਆਂ ਉਹਨਾਂ ਦੇ ਹੌਂਸਲੇ ਨੂੰ ਕਾਬਿਲ-ਏ-ਦਾਦ ਦੱਸਿਆ।

ਇਸ ਮੌਕੇ ਡਾ. ਕਥੂਰੀਆ ਨੇ ਪ੍ਰਸਿੱਧ ਮੀਡੀਆ ਪਰਸਨ ਵਰਿੰਦਰ ਸਿੰਘ ਨੂੰ ਵਿਸ਼ਵ ਪੰਜਾਬੀ ਸਭਾ ਕੈਨੇਡਾ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ।

ਸਮਾਰੋਹ ਦੇ ਦੂਜੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਵਿੱਚ ਕਈ ਨਾਮਵਰ ਕਵੀਆਂ ਨੇ ਹਿੱਸਾ ਲਿਆ। ਸ਼ਾਇਰ ਮੀਤਾ ਖੰਨਾ, ਰਿੰਟੂ ਭਾਟੀਆ, ਸੁਰਿੰਦਰ ਸੂਰ, ਤਜਿੰਦਰ ਕਾਲੜਾ, ਭੁਪਿੰਦਰ ਰਤਨ, ਸਤਵੰਤ ਕੌਰ, ਮਕਸੂਦ ਚੌਧਰੀ, ਅਮਰਜੀਤ ਸਿੰਘ ਸਿੱਧੂ, ਕਰਤਾਰ ਸਿੰਘ ਔਲਖ, ਹਰਪਾਲ ਸਿੰਘ ਭਾਟੀਆ, ਬਲਜੀਤ ਕੌਰ, ਜਗੀਰ ਸਿੰਘ ਕਾਹਲੋਂ ਅਤੇ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਮੁੱਚੇ ਮਾਹੌਲ ਨੂੰ ਕਾਵਿ-ਮਈ ਰੰਗ ਰੰਗਿਆ।

ਅੰਤ ਵਿੱਚ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਅਤੇ ਚੇਅਰਪਰਸਨ ਰਮਿੰਦਰ ਵਾਲੀਆ ਵੱਲੋਂ ਸੁਰਿੰਦਰ ਨੀਰ ਨੂੰ ਫੁਲਕਾਰੀ ਅਤੇ ਸਨਮਾਨ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਡਾ. ਕਥੂਰੀਆ ਵੱਲੋਂ ਮਾਂ-ਬੋਲੀ ਪੰਜਾਬੀ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਹਾਜਰ ਮਹਿਮਾਨਾਂ ਨੇ ਪ੍ਰਸ਼ੰਸਾ ਕੀਤੀ।

## ਦੇਸ਼ ਦੇ ਸੰਵਿਧਾਨ ਨੂੰ ਬਚਾਉਣਾ, ਸਮੇਂ ਦੀ ਅਹਿਮ ਲੋੜ ਹੈ : ਢੋਸੀਵਾਲ

### ਗੁਰੂ ਰਵਿਦਾਸ ਸੁਸਾਇਟੀ ਨੇ ਪ੍ਰੀ-ਨਿਰਵਾਣ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼ – ਸ਼ਿਵਨਾਥ ਦਰਦੀ ਫ਼ਰੀਦਕੋਟ

ਫ਼ਰੀਦਕੋਟ 10 ਦਸੰਬਰ : ''ਅੱਜ ਕੱਲ ਦੇਸ਼ ਦੇ ਸੰਵਿਧਾਨ ਦੇ ਮੌਲਿਕ ਢਾਂਚੇ ਵਿੱਚ ਸੋਧਾਂ ਕਰਨ ਦੇ ਬਹਾਨੇ ਨਾਲ, ਇਸ ਦੀ ਮੂਲ ਭਾਵਨਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਕੋਸ਼ਿਸ਼ਾਂ ਦੇਸ਼ ਦੇ ਭਵਿੱਖ ਲਈ ਗੰਭੀਰ ਖਤਰਾ ਹਨ। ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਸਹੀ ਢੰਗ ਨਾਲ ਲਾਗੂ ਕਰਵਾਉਣਾ ਅਜੋਕੇ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ।'' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸਥਾਨਕ ਬਲਬੀਰ ਬਸਤੀ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ ਸਬੰਧੀ ਆਯੋਜਿਤ ਵਿਸ਼ੇਸ਼ ਮੀਟਿੰਗ ਦੌਰਾਨ ਉਚੇਚੇ ਤੌਰ 'ਤੇ ਪਹੁੰਚੇ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਆਪਣੇ ਸੰਬੋਧਨ ਵਿੱਚ ਕੀਤਾ। ਢੋਸੀਵਾਲ ਨੇ ਅੱਗੇ ਕਿਹਾ ਕਿ ਡਾ. ਅੰਬੇਡਕਰ ਦੀਆਂ ਲਿਖਤਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਅਧੂਰੇ ਮਿਸ਼ਨ ਨੂੰ ਪੂਰਾ




ਕਰਨਾ ਸਾਡਾ ਸਭਨਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸਥਾਨਕ ਸ੍ਰੀ ਗੁਰੂ ਰਵਿਦਾਸ ਸੁਸਾਇਟੀ (ਰਜਿ.) ਵੱਲੋਂ ਕਰਵਾਈ ਗਈ ਇਸ ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਮਨਜੀਤ ਖਿੱਚੀ ਨੇ ਕੀਤੀ। ਸੰਸਥਾ ਦੇ ਚੇਅਰਮੈਨ ਜਗਦੀਸ਼ ਭਾਰਤੀ ਸਮੇਤ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਸ਼ਾਂਤੀ ਦੇਵੀ ਡੀ.ਸੀ. ਦਫਤਰ ਸੁਪਰਡੈਂਟ ਗ੍ਰੇਡ-1 (ਰ) ਸਮੇਤ ਪ੍ਰਿੰ. ਕ੍ਰਿਸ਼ਨ ਲਾਲ, ਅਮਰ ਸਿੰਘ ਮਹਿੰਮੀ, ਮਲਕੀਤ ਸਿੰਘ ਮੰਮਨ, ਗੋਬਿੰਦ ਕੁਮਾਰ, ਸ੍ਰੀ ਕ੍ਰਿਸ਼ਨ ਆਰ ਏ, ਸ਼ਿਵ ਨਾਥ ਦਰਦੀ, ਬਲਕਾਰ ਸਹੋਤਾ,ਪ੍ਰੇਮ ਕੁਮਾਰ,ਹਰੀ ਚੰਦ, ਕਮਲ ਪੇਂਟਰ, ਰਣਜੀਤ ਸਿੰਘ ਅਤੇ ਹਰਬੰਸ ਲਾਲ ਸਮੇਤ ਕਈ ਹੋਰ ਵਿਅਕਤੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਸ੍ਰੀ ਭਾਰਤੀ ਨੇ ਕਿਹਾ ਕਿ ਜੇ ਅਸੀਂ ਅਜੋਕੇ ਸਮੇਂ ਵਿੱਚ ਡਾ. ਅੰਬੇਡਕਰ ਵੱਲੋਂ ਦਿਖਾਏ ਰਸਤੇ ਤੋਂ ਭਟਕ ਗਏ ਤਾਂ ਸਾਨੂੰ ਇਸਦੇ ਮਾੜੇ ਨਤੀਜੇ ਭੁਗਤਣੇ ਪੈਣਗੇ। ਆਪਣੇ ਸੰਬੋਧਨ ਦੌਰਾਨ ਹੀਰਾਵਤੀ ਅਤੇ ਸ਼ਾਂਤੀ ਦੇਵੀ ਨੇ ਔਰਤਾਂ ਨੂੰ ਬਰਾਬਰੀ, ਵੋਟ ਦਾ ਅਧਿਕਾਰ ਅਤੇ ਪ੍ਰਸੂਤਾ ਛੁੱਟੀ ਲਾਗੂ ਕਰਵਾਉਣ ਲਈ ਡਾ. ਅੰਬੇਡਕਰ ਨੂੰ ਔਰਤਾਂ ਦਾ ਮਸੀਹਾ ਕਰਾਰ ਦਿੱਤਾ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਪ੍ਰੀ-ਨਿਰਵਾਣ ਦਿਵਸ ਮੌਕੇ ਸਭਨਾਂ ਬੁਲਾਰਿਆਂ ਨੇ ਕਿਹਾ ਹੈ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਦੁਨੀਆ ਦੇ ਸਭ ਤੋਂ ਵੱਡੇ ਸੰਵਿਧਾਨ ਨੂੰ ਲਿਖ ਕੇ ਜੋ ਮਹਾਨ ਦੇਣ ਦਿੱਤੀ ਹੈ, ਹਰੇਕ ਭਾਰਤ ਵਾਸੀ ਨੂੰ ਉਸ ਉਪਰ ਮਾਣ ਹੈ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਨੇ ਡਾ. ਅੰਬੇਡਕਰ ਦੇ ਚਿੱਤਰ ਨੂੰ ਫੁੱਲਾਂ ਦਾ ਹਾਰ ਪਾਇਆ ਤੇ ਉਨ੍ਹਾਂ ਦੇ ਚਰਨਾਂ ਵਿੱਚ ਫੁੱਲ ਭੇਟ ਕਰਕੇ ਨਮਨ ਕੀਤਾ। ਮੀਟਿੰਗ ਦੇ ਅੰਤ ਵਿੱਚ ਸੁਸਾਇਟੀ ਪ੍ਰਧਾਨ ਸ੍ਰੀ ਖਿੱਚੀ ਨੇ ਮੌਜੂਦ ਸਭ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਸਭਨਾਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ 'ਤੇ ਚੱਲਣ ਦੀ ਅਪੀਲ ਕੀਤੀ।

## ਅਰਵਿੰਦ ਨਗਰ 'ਚ ਪਾਣੀ ਦੀ ਸਪਲਾਈ ਬਹਾਲ : ਸੰਤੋਖ ਸਿੰਘ ਚਾਨਾ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ

ਕੋਟਕਪੂਰਾ, 10 ਦਸੰਬਰ : ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਦੇ ਅਹੁਦੇਦਾਰਾਂ ਦੀ ਸੰਤੋਖ ਸਿੰਘ ਚਾਨਾ ਦੀ ਅਗਵਾਈ ਹੇਠ ਕਲੋਨੀ ਦੇ ਪ੍ਰਮੋਟਰ ਦੇ ਪ੍ਰਤੀਨਿਧ ਕਮਲ ਗੁਪਤਾ ਨਾਲ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਾਣੀ ਦੀ ਸਪਲਾਈ ਪ੍ਰਮੋਟਰ ਵੱਲੋਂ ਅੱਜ ਤੋਂ ਬਹਾਲ ਕਰ ਦਿੱਤੀ ਗਈ ਹੈ। ਹੁਣ ਹਰ ਰੋਜ਼ ਸਵੇਰੇ ਦੋ ਘੰਟੇ ਅਤੇ ਸ਼ਾਮ ਨੂੰ ਇੱਕ ਘੰਟਾ ਪਾਣੀ ਸਪਲਾਈ ਕੀਤਾ ਜਾਵੇਗਾ। ਅਰਵਿੰਦ ਨਗਰ ਵਿਕਾਸ ਕਮੇਟੀ ਦੇ ਚੇਅਰਮੈਨ ਓਮ




ਪ੍ਰਕਾਸ਼ ਗੋਇਲ, ਨਾਜ਼ਰ ਸਿੰਘ ਸਿੱਧੂ ਮੁੱਖ ਸਰਪ੍ਰਸਤ, ਦਰਸ਼ਨ ਸਿੰਘ ਆਹੂਜਾ ਮੁੱਖ ਸਲਾਹਕਾਰ, ਸੰਤੋਖ ਸਿੰਘ ਚਾਨਾ ਪ੍ਰਧਾਨ,ਅਜਮੇਰ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਥਾਪਰ ਮੀਤ ਪ੍ਰਧਾਨ, ਪ੍ਰੇਮ ਚਾਵਲਾ ਜਨਰਲ ਸਕੱਤਰ, ਸੁਖਰਾਜ ਸਿੰਘ ਚਾਨਾ ਜੁਆਇੰਟ ਸਕੱਤਰ, ਮਨਦੀਪ ਸਿੰਘ ਸਰਾਂ ਵਿੱਤ ਸਕੱਤਰ, ਹਰਵਿੰਦਰ ਸਿੰਘ ਪੁਰਬਾ ਪ੍ਰੈਸ ਸਕੱਤਰ, ਨਵਦੀਪ ਸਿੰਘ ਚਾਨਾ ਤਕਨੀਕੀ ਸਲਾਹਕਾਰ, ਲਖਵਿੰਦਰ ਸਿੰਘ ਸਿੱਧੂ ਆਰਗੇਨਾਈਜਰ ਸਕੱਤਰ, ਕਾਰਜਕਾਰਨੀ ਕਮੇਟੀ ਮੈਂਬਰ ਲਖਵਿੰਦਰ ਅਰੋੜਾ, ਅਸ਼ੋਕ ਦਾਬੜਾ ਅਤੇ ਰਾਜਿੰਦਰ ਸਿੰਘ ਬਰਾੜ ਨੇ ਪਾਣੀ ਦੀ ਸਪਲਾਈ ਬਹਾਲ ਹੋਣ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਆਸ ਪ੍ਰਗਟ ਕੀਤੀ ਹੈ ਕਿ ਪ੍ਰਮੋਟਰ ਵੱਲੋਂ ਬਾਕੀ ਰਹਿੰਦੇ ਕੰਮ ਵੀ ਜਲਦੀ ਪੂਰੇ ਕਰ ਦਿੱਤੇ ਜਾਣਗੇ। ਇਸ ਮੌਕੇ ਕਲੋਨੀ ਦੇ ਨਵ ਨਿਯੁਕਤ ਸਥਾਨਕ ਮੈਨੇਜਰ ਬਲਜਿੰਦਰ ਸਿੰਘ ਬੱਲੀ ਵੀ ਹਾਜ਼ਰ ਸਨ।

## ਮਿੱਟੀ ਦਾ ਗੀਤ




ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਇਹ ਮਿੱਟੀ ਮਾਂ ਹੈ ਸਾਡੀ,
ਅਸੀਂ ਹਾਂ ਇਸ ਦੇ ਜਾਏ।

ਰੱਬ ਰੂਪ ਘੁਮਿਆਰ ਨੇ,
ਭਾਂਡੇ ਵੱਖ ਵੱਖ ਬਣਾਏ।

ਤਰਾਂ ਤਰਾਂ ਦੀਆਂ ਸ਼ਕਲਾਂ,
ਵੇਖੋ ਸੋਹਣੇ ਰੰਗ ਸਜਾਏ।

ਜਾਤ ਪਾਤ ਰੰਗ ਰੂਪ ਸਾਰੇ,
ਪਸ਼ੂ ਪੰਛੀ ਇਸ ਬਣਾਏ।

ਮਿੱਟੀ ਦਾ ਇਹ ਖੇਲ ਨਿਆਰਾ,
ਆਖਰ ਆਪਣੇ ਵਿੱਚ ਮਿਲਾਏ।

ਮਿੱਟੀਓਂ ਜੰਮੇ , ਮਿੱਟੀ ਮਰਨਾ,
ਇਹ ਮਿੱਟੀ ਕਰਮ ਕਮਾਏ।

ਹਵਾ ਦਾ ਵਿੱਚ ਵਾਜਾ ਵੱਜੇ,
ਇਹ ਮਿੱਟੀ ਹੀ ਨਾਚ ਨਚਾਏ।

ਇਸ ਮਿੱਟੀ ਵਿੱਚ ਹਉਮੇਂ ਪਾਈ,
ਤੂੰ ਹੀ-ਤੂੰ ਹੀ, ਦਿੱਤਾ ਭੁਲਾਏ।

'ਪੱਤੋ' ਹੈ ਇਸ ਵਿੱਚ ਰੱਬ ਦਾ ਵਾਸਾ,
ਇਹ ਗਿਆਨ ਦੀ ਜੋਤ ਜਗਾਏ।

ਵੱਡੇ ਵੱਡੇ ਇੱਥੇ ਸ਼ਾਹ ਸਿਕੰਦਰ,
ਦਿੱਤੇ ਮਿੱਟੀ ਵਿੱਚ ਦਫ਼ਨਾਏ।

## ਵੱਧ ਰਹੀਆਂ ਸੜਕ ਦੁਰਘਟਨਾਵਾਂ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

ਪੰਜਾਬ ਅੰਦਰ ਰੋਜ਼ਾਨਾ ਅਨੇਕਾਂ ਸੜਕ ਦੁਰਘਟਨਾਵਾਂ ਹੋਣ ਕਾਰਨ ਮੌਤਾਂ ਹੋਣ ਦੀਆਂ ਖਬਰਾਂ ਆ ਰਹੀਆਂ ਹਨ । ਇਸ ਲਈ ਕਈ ਕਾਰਨ ਹਨ ਜਿਨ੍ਹਾਂ ਵਿਚ ਸੜਕਾਂ ਦੀ ਖ਼ਸਤਾ ਹਾਲਤ ਵੀ ਸ਼ਾਮਿਲ ਹੈ। ਫ਼ਤਹਿਗੜ੍ਹ ਸਾਹਿਬ ਦੀ ਧਰਤੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਹਰ ਸਾਲ ਸ਼ਹੀਦੀ ਦਿਹਾੜੇ ਤੇ ਸਿਜਦਾ ਕਰਨ ਲੱਖਾਂ ਦੀ ਗਿਣਤੀ ਵਿਚ ਫਤਿਹਗੜ੍ਹ ਸਾਹਿਬ ਦੀ ਧਰਤੀ ਤੇ ਸੰਗਤਾਂ ਦੇਸ਼ ਵਿਦੇਸ਼ਾਂ ਤੋਂ ਆਉਦੀਆਂ ਹਨ। ਇਸ ਪਵਿੱਤਰ ਧਰਤੀ ਨੂੰ ਆਲੇ ਦੁਆਲੇ ਦੀਆਂ ਜੋੜਦੀਆਂ ਸੜਕਾਂ ਦੀ ਹਾਲਤ ਤਰਸਯੋਗ ਹੈ। ਰਾਜਧਾਨੀ ਨੂੰ ਜਾਂਦੀ ਮੇਨ ਸੜਕ ਚੂੰਨੀ,



ਲਾਂਡਰਾਂ ਵਾਲੀ ਸੜਕ ਤੋਂ ਰੋਜ਼ਾਨਾ ਹਜ਼ਾਰਾਂ ਵਾਹਨ ਲੰਘਦੇ ਹਨ। ਸ਼ਹੀਦੀ ਦਿਹਾੜੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੰਗਤਾਂ ਦੀ ਆਮਦ ਹੋਰ ਵਧੇਰੇ ਹੋ ਜਾਂਦੀ ਹੈ ਪਰ ਇਸ ਸੜਕ ਦੀ ਹਾਲਤ ਬਹੁਤ ਮੰਦੀ ਹੈ, ਥਾਂ ਥਾਂ ਸੜਕ ਟੁੱਟੀ ਹੋਈ ਹੈ, ਡੂੰਘੇ ਖੱਡੇ ਹਾਦਸਿਆਂ ਨੂੰ ਸੱਦਾ ਦੇਣ ਲਈ ਕੋਈ ਕਸਰ ਨਹੀਂ ।

ਛੱਡਦੇ। ਸ਼ਹੀਦੀ ਦਿਹਾੜੇ 'ਚ ਥੋੜਾ ਸਮਾਂ ਰਹਿ ਗਿਆ ਹੈ ਸੋ ਸੰਗਤਾਂ ਦੀ ਸਹੂਲਤ ਲਈ ਤੁਰੰਤ ਸੜਕ ਦੀ ਮੁਰੰਮਤ ਕਰਨ ਲਈ ਸਰਕਾਰ ਕਾਰਵਾਈ ਕਰੇ ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਜਾਰੀ ਪੈਨਸ਼ਨਰ, ਮੁਲਾਜ਼ਮ, ਮਜ਼ਦੂਰ ਅਤੇ ਲੋਕ ਵਿਰੋਧੀ ਪੱਤਰਾਂ ਦੀਆਂ ਕਾਪੀਆਂ ਫੂਕ ਕੇ ਕੀਤੀ ਨਾਹਰੇਬਾਜੀ


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 10 ਦਸੰਬਰ: ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ) ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਅੱਜ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਮੰਘੇੜਾ, ਕੁਲਜੀਤ ਸਿੰਘ ਬੰਬੀਹਾ, ਤਰਸੇਮ ਨਰੂਲਾ ਅਤੇ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਦੀ ਅਗਵਾਈ ਹੇਠ ਸਥਾਨਕ ਐਸ ਡੀ ਐਮ ਦਫਤਰ ਸਾਹਮਣੇ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕਰਕੇ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਮਿਤੀ 28 ਨਵੰਬਰ ਨੂੰ ਜਾਰੀ ਪੈਨਸ਼ਨਰ ਵਿਰੋਧੀ ਪੱਤਰ ,ਕੇਂਦਰ ਸਰਕਾਰ ਵੱਲੋਂ ਤਜ਼ਵੀਜ਼ ਬਿਜਲੀ




ਸੋਧ ਐਕਟ 2025 ਅਤੇ ਪਿਛਲੇ ਸਮੇਂ ਦੌਰਾਨ ਮੋਦੀ ਸਰਕਾਰ ਵੱਲੋਂ ਮਜ਼ਦੂਰ ਪੱਖੀ 29 ਕੇਂਦਰੀ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਪਾਸ ਕੀਤੇ ਗਏ ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਫੂਕੀਆਂ ਗਈਆਂ। ਬੁਲਾਰਿਆਂ ਨੇ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਅਤੇ ਪੰਜਾਬ ਵਿੱਚ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਲਗਾਤਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਦਿਨੋ ਦਿਨ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦਾ ਦੋਸ਼ ਲਾਇਆ। ਆਗੂਆਂ ਨੇ ਕਿਹਾ ਕਿ ਲਗਾਤਾਰ ਤਿੱਖੇ ਸੰਘਰਸ਼ ਹੀ ਇਹਨਾਂ ਲੋਕ ਵਿਰੋਧੀ ਫੈਸਲਿਆਂ ਨੂੰ ਵਾਪਿਸ ਕਰਵਾ ਸਕਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ, ਜਸਮੇਲ ਸਿੰਘ ਬਰਾੜ ਮੁੱਖ ਅਧਿਆਪਕ, ਹਰਦੇਵ ਸਿੰਘ ਗਿੱਲ, ਮੰਦਰ ਸਿੰਘ ਲੈਕਚਰਾਰ, ਤਾਰਾ ਸਿੰਘ, ਹਾਕਮ ਸਿੰਘ ਡੀ ਪੀ ਈ, ਨਾਹਰ ਸਿੰਘ ਗਿੱਲ, ਪਰਮਿੰਦਰ ਸਿੰਘ ਜਟਾਣਾ ਹਾਕਮ ਸਿੰਘ ਬੁਰਜ ਹਰੀਕਾ ਲੈਕਚਰਾਰ ਅਤੇ ਹਰਦੀਪ ਸਿੰਘ ਫਿਡੂ ਭਲਵਾਨ ਆਦਿ ਵੀ ਹਾਜ਼ਰ ਸਨ।

## ਮਨੁੱਖ ਦਾ ਜਨਮ ਹੋਇਆ



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮਨੁੱਖ ਹੈ ਪਰ ਕਰਮ ਉਹਨਾਂ ਦੇ ਪਸ਼ੂਆਂ ਵਾਲੇ, ਚੋਰਾਂ ਵਾਲੇ ਹਨ। ਸਰੀਰਕ ਤੌਰ ਤੇ ਜ਼ਰੂਰ ਮਨੁੱਖ ਲਗਦੇ ਹਨ। ਪਰ ਕਰਮ ਪਸ਼ੂਆਂ ਵਾਲੇ ਕਰਦੇ ਹਨ। ਉਹਨਾਂ ਦੇ ਅੰਦਰ ਨਾ ਪ੍ਰਭੂ ਦਾ ਗਿਆਨ ਨਾ ਧਿਆਨ ਤੇ ਨਾ ਪਰਮਾਤਮਾ ਦੇ ਚਰਨਾਂ ਦੀ ਪ੍ਰੀਤ ਹੈ। ਇਸ ਕਰਕੇ ਉਹਨਾਂ ਨੂੰ ਪਸ਼ੂ ਕਿਹਾ। ਜਿਹੜੇ ਉਸ ਪਰਮਾਤਮਾ ਦੇ ਚਰਨਾਂ ਵਿਚ ਗੁਰਮੁਖ ਜੁੜੇ ਹਨ। ਉਹ ਆਤਮਕ ਤੌਰ ਤੇ ਉਹ ਜੀਅ ਰਹੇ ਹਨ। ਜੀਉਂਦੇ ਨੂੰ ਜੀਉਂਦਾ ਹੀ ਮਿਲਦਾ ਹੈ।ਉਹ ਗੁਰਮੁਖ ਜਿਹੜੇ ਆਤਮਕ ਤੌਰ ਤੇ ਜੀਉਂਦੇ ਪਏ,ਏ ਹਨ। ਉਹ ਪਰਮਾਤਮਾ ਦੀ ਦਰਗਾਹ ਵਿਚ ਸੋਹਣੇ ਹਨ। ਉਹਨਾਂ ਦੇ ਮੁਖ ਪਰਮਾਤਮਾ ਦੇ ਦਰ ਤੇ ਉਜਲੇ ਹਨ।

ਅੰਮ੍ਰਿਤ ਬਾਣੀ ਵਿਚ ਮਨੁੱਖ ਦਾ ਜਨਮ ਹੋਇਆ ਹੈ ਤੇ ਜਨਮ ਤੋਂ ਬਾਅਦ ਇਸ ਦੀ ਮੌਤ ਆ ਜਾਵੇ ਗਏ,ਹੈ। ਜਨਮ ਤੇ ਮੌਤ ਦੀ ਗੱਲ ਕਰ ਲੈਣੀ ਜਾਂ ਜਨਮ ਤੋਂ ਬਾਅਦ ਮੌਤ ਆ ਜਾਣੀ ਕੀ ਮਨੁੱਖ ਦਾ ਸਿਰਫ਼ ਇੰਨਾਂ ਹੀ ਹੈ।

ਜਨਮ ਤੋਂ ਲੈ ਕੇ ਮੌਤ ਦੇ ਦਰਮਿਆਨ ਜੋਂ ਪਰਮਾਤਮਾ ਨੇ ਤੈਨੂੰ ਜੀਵਨ ਦਿੱਤਾ ਉਮਰ ਦਿੱਤੀ ਉਸ ਉਮਰ ਵਿਚ ਤੂੰ ਕੀ ਕਮਾ ਕੇ ਗਿਆ। ਸੱਚ ਗੱਲ ਸਮਝਣ ਵਾਲੀ ਇਹ ਹੈ ਅਸਲੀ ਤੇਰੀ ਜ਼ਿੰਦਗੀ ਜਨਮ ਤੋਂ ਲੈ ਕੇ ਮੌਤ ਦੇ ਦਰਮਿਆਨ ਜਿਹੜੇ ਦਿਨ ਤੂੰ ਬਤੀਤ ਕੀਤੇ ਕਿਵੇਂ ਬਤੀਤ ਕੀਤੇ ਉਸ ਦੇ ਨਾਮ ਦੀ ਅਸਲ ਵਿਚ ਜੀਵਨ ਹੈ।

ਹੇ ਮਨੁੱਖਾਂ ਵਾਲੇ ਕਰਮ ਨਹੀਂ ਕਰ ਰਿਹਾ। ਹਰ ਇਕ ਮਨੁੱਖ ਦੇ ਸਰੀਰ ਦਾ ਧਰਤੀ ਤੇ ਆਉਣ ਦਾ ਜਾਂ ਇਸ ਜੂਨ ਵਿਚ ਆਉਣ ਦਾ ਪ੍ਰਯੋਜਨ ਕੀ ਹੈ।

ਸਾਨੂੰ ਦੇਹੀ ਮਿੱਲੀ ਹੈ ਪ੍ਰਾਪਤ ਹੋਈ ਹੈ ਗੋਬਿੰਦ ਨੂੰ ਮਿਲਣ ਦੀ ਤੇਰੀ ਇਹ ਵਾਰੀ ਹੈ। ਹੁਣ ਮਨੁੱਖਾ ਦੇਹੀ ਦੇ ਆਉਣ ਦਾ ਮਕਸਦ ਕੀ ਹੈ।

ਭਾਈ ਨੰਦ ਲਾਲ ਜੀ ਨੇ ਬਹੁਤ ਸੋਹਣਾ ਇਕ ਬਚਨ ਕਿਹਾ ਹੈ।

ਕਹਿੰਦੇ ਹਨ ਹੇ ਪਿਆਰੇ ਤੇਰੇ ਸਿਮਰਨ ਦੀ ਤਾਂਘ, ਤੇਰੀ ਭਗਤੀ ਦੀ ਲੋਚਾ,ਅਬਾਦਤ ਦੀ ਤੇਰੇ ਅੰਦਰ ਜਿਹੜੀ ਖਿੱਚ ਸੀ। ਉਹ ਖਿੱਚ ਮੈਨੂੰ ਇਸ ਤਨ ਦੇ ਵਿਚ ਰਹਿਣ ਦਾ ਰੌਚਿਕ ਮਾਤਰ ਵੀ ਸ਼ੌਕ ਨਹੀਂ। ਕਿਉਂਕਿ ਮੇਰਾ ਜੋਂ ਪ੍ਰਯੋਜਨ ਹੈ ਉਹ ਨਹੀਂ ਹੱਲ ਹੋ ਰਿਹਾ। ਉਥੇ ਭਾਈ ਸਾਹਿਬ ਨੇ ਕਿਹਾ

ਹਵਾਇ ਬੰਦਗੀ ਆਵੁਰਦ ਦਰ ਵਜੂਦ ਮੇਰਾ ।।
ਬੰਦਗੀ ਦੀ ਤੇਰੀ ਤੜਪ ਮੈਨੂੰ ਇਸ ਸਰੀਰ ਵਿਚ ਲੈਣ ਕੇ ਆਈ।
ਵਗਰਨਾ ਜ਼ੋਕਿ ਚੁਨੀਆਂ ਆਮਦਨ ਨ ਬੂਦ ਭਰਾ।।

ਜੇ ਮੈਂ ਇਸ ਦੇਹੀ ਵਿਚ ਰਹਿ ਕੇ ਤੇਰੀ ਭਗਤੀ ਨਹੀਂ ਕਰਨੀ ਤਾਂ ਹੇ ਪਿਆਰੇ ਮੈਨੂੰ ਇਸ ਸਰੀਰ ਵਿਚ ਰਹਿਣ ਦਾ ਚਾਅ ਨਹੀਂ। ਇਸ ਦਾ ਮਤਲਬ ਹੈ ਕਿ ਜੇ ਸਾਨੂੰ ਦੇਹੀ ਮਿਲੀ ਹੈ ਤਾਂ ਇਸ ਦਾ ਮਨੋਰਥ ਹੈ । ਜਿਸਨੂੰ ਇਨਸਾਨ ਦਿਨੋਂ ਦਿਨ ਭੁੱਲ ਗਿਆ ਹੈ । ਮੇਰੇ ਦਾਤਾ ਜੀ ਆਖਦੇ ਹਨ।


ਤੁੱਲੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਤੇਰੀ ਕ੍ਰਿਪਾ ਨਾਲ ਇਸ ਸਰੀਰ ਦੀ ਪ੍ਰਾਪਤੀ ਹੋਈ ਹੈ। ਹਰ ਪ੍ਰਾਪਤੀ ਮਕਸਦ ਨਹੀਂ।
ਦੇਹੁ ਦਰਸੁ ਹਰਿ ਰਾਇਆ।।
ਅੰਗ207

ਹੇ ਪ੍ਰਭੂ ਤੁਸੀਂ ਮੈਨੂੰ ਦਰਸ਼ਨ ਦਿਉ। ਮੇਰੀ ਜ਼ਿੰਦਗੀ ਦਾ ਅਸਲ ਮਕਸਦ ਹੀ ਇਹ ਹੈ। ਹੁਣ ਬੰਦਿਆਂ ਨੂੰ ਮਨੁੱਖ ਵਾਲਾ ਸਰੀਰ ਤਾਂ ਮਿਲ ਗਿਆ। ਇਸ ਨੂੰ ਸੋਝੀ ਵੀ ਪ੍ਰਮਾਤਮਾ ਨੇ ਦੇ ਦਿੱਤੀ। ਪਰ ਕਰਤੂਤ ਬੰਦਾ ਬਣ ਕੇ ਪਸ਼ੂਆਂ ਵਾਲੀ ਕਰ ਰਿਹਾ ਹੈ।

ਬੰਦੇ ਦੀਆਂ ਕਰਤੂਤਾਂ ਪਸ਼ੂਆਂ ਵਾਲੀਆਂ ਹਨ ਭਾਵੇਂ ਜਾਤ ਇਸਦੀ ਮਨੁੱਖ ਵਾਲੀ ਹੈ।

## ਰਾਵੀ ਸਿੱਧੂ ਦੀ ਨਵੀਂ ਉਡਾਰੀ- ਪਰਵਾਜ਼ ਵਿਹੂਣੇ ਖੰਭ.....

ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ




ਰਾਵੀ ਸਿੱਧੂ ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਹੁਣ ਤੱਕ ਦਸ ਕਿਤਾਬਾਂ ਪਾ ਚੁੱਕੀ ਹੈ। ਆਪਣੇ ਵਿਦਿਆਰਥੀ ਜੀਵਨ ਦੌਰਾਨ ਉਸ ਦਾ ਰਚਨਾ ਕਾਰਜ ਸਲਾਹੁਣ ਯੋਗ ਹੈ। ਕਵਿਤਾ ਦੇ ਨਾਲ ਨਾਲ ਵਾਰਤਕ ਵਿੱਚ ਵੀ ਉਸ ਦੀ ਬਰਾਬਰ ਦਿਲਚਸਪੀ ਹੈ। ਉਸ ਦੀ ਪ੍ਰਯੋਗ ਕਰਨ ਦੀ ਆਦਤ ਪਾਠਕਾਂ ਲਈ ਆਕਰਸ਼ਣ ਦਾ ਕਾਰਨ ਬਣਦੀ ਹੈ। ਇੱਕ ਇਨਸਾਨ ਦੇ ਤੌਰ ਤੇ ਜਿੱਥੇ ਉਹ ਮਿੱਠ-ਬੋਲੜੀ ਅਤੇ ਸੰਜੀਦਾ ਇਨਸਾਨ ਹੈ ਉੱਥੇ ਉਹ ਆਪਣੇ ਵਿਸ਼ੇ ਨੂੰ ਵੀ ਸੁਹਿਰਦਤਾ ਨਾਲ ਲੈਂਦੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਸਾਨੂੰ ਸਾਡੇ ਨੇੜੇ-ਤੇੜੇ ਵਿਚਰਦੇ ਪ੍ਰਤੀਤ ਹੁੰਦੇ ਹਨ। ਉਸ ਦਾ ਰਚਨਾ ਸੰਸਾਰ ਆਮ ਜੀਵਨ ਦੇ ਨੇੜੇ ਤੇੜੇ ਹੈ।

ਰਾਵੀ ਸਿੱਧੂ ਦੀਆਂ ਕਹਾਣੀਆਂ ਮੌਜੂਦਾ ਸਮੇਂ ਦੇ ਲੋਕਾਂ ਦੀਆਂ ਸਮਾਜਿਕ,

ਆਰਥਿਕ,ਪਰਿਵਾਰਿਕ, ਸੱਭਿਆਚਾਰਕਅਤੇ ਮਨੋਵਿਗਿਆਨਿਕ ਸਮੱਸਿਆਵਾਂ ਕਾਰਨ ਉਤਪੰਨ ਹੋਏ ਹਾਲਾਤਾਂ ਦੇ ਧਰਾਤਲ ਤੇ ਜਨਮ ਲੈਂਦੀਆਂ ਹਨ। ਉਹ ਆਪਣੀਆਂ ਕਹਾਣੀਆਂ ਰਾਹੀਂ ਇਹ ਦੱਸਣ ਦਾ ਯਤਨ ਕਰਦੀ ਹੈ ਕਿ ਆਧੁਨਿਕ ਸਮੇਂ ਵੀ ਸਮਾਜ ਧਰਮ ਅਤੇ ਜਾਤੀਵਾਦ ਦੇ ਅਧਾਰ ਤੇ ਵਿਤਕਰੇ ਤੋਂ ਮੁਕਤ ਨਹੀਂ ਹੋ ਸਕਿਆ। ਆਪਣੇ ਆਪ ਨੂੰ ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਦੱਸਣ ਵਾਲੇ ਪਰਿਵਾਰਾਂ ਵਿੱਚ ਵੀ ਔਰਤ ਪ੍ਰਤੀ ਰਵਈਆ ਬਹੁਤ ਮਾੜਾ ਅਤੇ ਗੈਰ ਮਨੁੱਖੀ ਹੈ। ਰਾਵੀ ਸਿੱਧੂ ਜਿੱਥੇ ਆਪਣੀਆਂ ਕਹਾਣੀਆਂ ਰਾਹੀਂ ਅਜੋਕੇ ਸਮਾਜ ਵਿੱਚ ਔਰਤਾਂ ਦੀ ਹੋਣੀ ਨੂੰ ਪੇਸ਼ ਕਰਦੀ ਹੈ ਉੱਥੇ ਹੀ ਔਰਤਾਂ ਵਿਰੁੱਧ ਅਪਰਾਧਾਂ ਵਿੱਚ ਔਰਤਾਂ ਦੀ ਮੁੱਖ ਭਾਗੀਦਾਰੀ ਨੂੰ ਵੀ ਬੇਬਾਕੀ ਨਾਲ ਸਵੀਕਾਰ ਕਰਦੀ ਹੈ।

ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਦੀ ਚਕਾਚੌਂਧ ਅਤੇ ਪਦਾਰਥਵਾਦੀ ਸੋਚ ਨੇ ਮਨੁੱਖ ਦੇ ਸਵਾਰਥ ਨੂੰ ਬਹੁਤ ਵਧਾ ਦਿੱਤਾ ਹੈ। ਰਾਵੀ ਸਿੱਧੂ ਦੀ ਕਲਮ ਨੇ ਇਸ ਤਰ੍ਹਾਂ ਦੇ ਵਰਤਾਅ ਕਾਰਨ ਪੈਦਾ ਹੋਏ ਤਣਾਅ ਕਰਕੇ ਪਰਿਵਾਰਾਂ ਵਿੱਚ ਖਿੱਚੋਤਾਣ, ਟੁੱਟ ਰਹੇ ਰਿਸ਼ਤੇ, ਨਜਾਇਜ਼ ਰਿਸ਼ਤਿਆਂ ਕਾਰਨ ਮਾਨਸਿਕ ਪੀੜ ਝੱਲ ਰਹੀ ਨਵੀਂ ਪੀੜੀ ਦੀ ਹੋਣੀ ਨੂੰ ਸਹਿਜਤਾ ਨਾਲ ਚਿਤਰਣ ਦਾ ਯਤਨ ਕੀਤਾ ਹੈ।

'ਪਰਵਾਜ਼ ਵਿਹੂਣੇ ਖੰਭ' ਵਿੱਚ ਨਸ਼ੇ ਕਾਰਨ ਮਨੁੱਖ ਤੇ ਜੀਵਨ ਵਿਚ ਆਏ ਦੁਖਾਂਤ ਦੇ ਨਾਲ ਨਾਲ ਰਾਵੀ ਨੌਜਵਾਨਾਂ ਦਾ ਨਸ਼ੇ ਦੇ ਆਦੀ ਹੋਣ ਦਾ ਕਾਰਨ ਵੀ ਪਾਠਕਾਂ ਦੇ ਸਾਹਮਣੇ ਲੈ ਕੇ ਆਉਂਦੀ ਹੈ।

ਲੇਖਕਾਂ ਨੇ ਜਿੱਥੇ ਵਿਦੇਸ਼ ਜਾਣ ਵਾਲੇ ਸਵਾਰਥੀ ਲੋਕਾਂ ਦਾ ਇੱਥੋਂ ਦੇ ਲੋਕਾਂ ਨਾਲ ਠੱਗੀ ਮਾਰਨਾ ਆਪਣੀ ਕਿਤਾਬ ਵਿੱਚ ਦਰਸਾਇਆ ਹੈ ਉੱਥੇ ਉਸਨੇ ਵਿਦੇਸ਼ ਜਾਣ ਦੇ ਲਾਭ ਵੀ ਪਾਠਕਾਂ ਦੇ ਸਾਹਮਣੇ ਲਿਆਂਦੇ ਹਨ। ਰਾਵੀ ਆਪਣੇ ਕਹਾਣੀ ਸੰਗ੍ਰਹਿ ਰਾਹੀਂ ਰਿਸ਼ਵਤ ਖੋਰ ਅਤੇ ਭ੍ਰਿਸ਼ਟ ਅਫਸਰਾਂ ਰਾਹੀਂ ਆਮ ਲੋਕਾਂ ਦੇ ਜੀਵਨ ਨੂੰ ਨਰਕ ਦੇ ਦੁਆਰ ਤੇ ਖੜਾ ਕਰਨ ਬਦਲੇ ਨੌਕਰਸ਼ਾਹੀ ਨੂੰ ਲਾਹਣਤਾਂ ਪਾਉਂਦੀ ਹੈ।

ਇਸ ਤੋਂ ਇਲਾਵਾ ਉਸ ਨੇ ਭਾਰਤ ਵੰਡ ਸਮੇਂ ਉਪਜੇ ਦੁਖਾਂਤ, ਬੇਗਾਨਿਆਂ ਦੀ ਨੇਕ ਦਿਲੀ,ਮੁਹੱਬਤ ਦਾ ਸੁਹੱਪਣ, ਭੈਣ-ਭਰਾ ਦਾ ਪਿਆਰ, ਜਲਦਬਾਜ਼ੀ ਵਿੱਚ ਲਏ ਫੈਸਲਿਆਂ ਲਈ ਪਛਤਾਵਾ ਆਦਿ ਅਨੇਕਾਂ ਸਮਾਜਿਕ ਮੁੱਦਿਆਂ ਉੱਪਰ ਆਪਣੀ ਸੰਵੇਦਨਾ ਪਾਠਕਾਂ ਸਾਹਮਣੇ ਰੱਖੀ ਹੈ।

ਮੈਂ ਕਿਸੇ ਵੀ ਕਹਾਣੀ ਦਾ ਵਿਸ਼ੇਸ਼ ਤੌਰ ਤੇ ਜਿਕਰ ਨਾ ਕਰਦਾ ਹੋਇਆ ਲੇਖਕਾ ਦੇ ਇਸ ਕਹਾਣੀ ਸੰਗ੍ਰਹਿ, ਜਿਸ ਵਿੱਚ ਉਸਨੇ 29 ਕਹਾਣੀਆਂ ਨੂੰ ਸਾਮਿਲ ਕੀਤਾ ਹੈ,ਦਾ ਸਵਾਗਤ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਹ ਹਮੇਸ਼ਾ ਦੀ ਤਰ੍ਹਾਂ ਹੋਰ ਪ੍ਰਪੱਕਤਾ ਦੇ ਨਾਲ ਪਾਠਕਾਂ ਦੇ ਰੂਬਰੂ ਹੋਵੇਗੀ।

ਤੁਸੀਂ ਇਹ ਕਹਾਣੀ ਸੰਗ੍ਰਹਿ ਡੀਪੀ ਪਬਲੀਸਰ ਐਂਡ ਮੀਡੀਆ ਹਾਊਸ ਅੰਮ੍ਰਿਤਸਰ ਤੋਂ ਮੰਗਵਾ ਕੇ ਪੜ੍ਹ ਸਕਦੇ ਹੋਂ। ਲੇਖਕਾ ਨੂੰ ਸ਼ੁਭਕਾਮਨਾਵਾਂ ਦਿੰਦਾ ਹੋਇਆ.....

ਖਿਮਾ ਦਾ ਜਾਚਕ